# ਮਹਾਮਹਿਮ ਸ੍ਰੀ ਵਿੰਸਟਨ ਪੀਟਰਸ, ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਦਾ ਭਾਰਤ ਨੂੰ ਸਰਕਾਰੀ ਦੌਰਾ (10-13 ਮਾਰਚ, 2024)

ਮਾਰਚ 08, 2024

ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ੍ਰੀ ਵਿੰਸਟਨ ਪੀਟਰਸ, ਵਿਦੇਸ਼ ਮੰਤਰੀ, ਡਾ. ਐਸ ਜੈਸ਼ੰਕਰ ਦੇ ਸੱਦੇ 'ਤੇ 10-13 ਮਾਰਚ 2024 ਨੂੰ ਭਾਰਤ ਦੇ ਅਧਿਕਾਰਤ ਦੌਰੇ 'ਤੇ ਆਉਣਗੇ। ਉਪ ਪ੍ਰਧਾਨ ਮੰਤਰੀ ਪੀਟਰਸ ਆਪਣੇ ਦੌਰੇ ਦੌਰਾਨ ਅਹਿਮਦਾਬਾਦ ਅਤੇ ਨਵੀਂ ਦਿੱਲੀ ਜਾਣਗੇ। ਨਵੰਬਰ 2023 ਵਿੱਚ ਨਿਊਜ਼ੀਲੈਂਡ ਵਿੱਚ ਨਵੀਂ ਸਰਕਾਰ ਦੇ ਕਾਰਜਭਾਰ ਸੰਭਾਲਣ ਤੋਂ ਬਾਅਦ, ਇਹ ਉਨ੍ਹਾਂ ਦਾ ਭਾਰਤ ਨੂੰ ਪਹਿਲਾ ਦੌਰਾ ਹੋਵੇਗਾ। ਇਸ ਤੋਂ ਪਹਿਲਾਂ ਉਹ ਫਰਵਰੀ 2020 ਵਿੱਚ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਦੇ ਤੌਰ 'ਤੇ ਭਾਰਤ ਆਏ ਸਨ।

2. ਅਹਿਮਦਾਬਾਦ ਵਿੱਚ, 11 ਮਾਰਚ 2024 ਨੂੰ, ਉਪ ਪ੍ਰਧਾਨ ਮੰਤਰੀ ਪੀਟਰਸ ਦੀ ਗੁਜਰਾਤ ਦੀ ਸਿਆਸੀ ਲੀਡਰਸ਼ਿਪ ਨਾਲ ਮੁਲਾਕਾਤ ਦੀ ਉਮੀਦ ਹੈ। ਨਵੀਂ ਦਿੱਲੀ ਵਿੱਚ, ਵਿਦੇਸ਼ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਪੀਟਰਸ ਦੀ 12 ਮਾਰਚ 2024 ਨੂੰ ਇੱਕ ਦੁਵੱਲੀ ਮੀਟਿੰਗ ਹੋਣੀ ਤੈਅ ਹੈ, ਜਿਸ ਦੌਰਾਨ ਨਿਊਜ਼ੀਲੈਂਡ ਨਾਲ ਸਾਡੇ ਦੁਵੱਲੇ ਸਬੰਧਾਂ ਦੇ ਸਾਰੇ ਪਹਿਲੂਆਂ 'ਤੇ ਚਰਚਾ ਹੋਣ ਦੀ ਉਮੀਦ ਹੈ। ਉਨ੍ਹਾਂ ਦੀ ਭਾਰਤ ਨੂੰ ਅਧਿਕਾਰਤ ਯਾਤਰਾ ਦੌਰਾਨ, ਉਪ ਪ੍ਰਧਾਨ ਮੰਤਰੀ ਪੀਟਰਸ ਦੀ ਹੋਰ ਪਤਵੰਤਿਆਂ ਨਾਲ ਵੀ ਮੁਲਾਕਾਤਾਂ ਹੋਣੀਆਂ ਤੈਅ ਹਨ।

3. ਭਾਰਤ ਅਤੇ ਨਿਊਜ਼ੀਲੈਂਡ ਨਿੱਘੇ ਅਤੇ ਦੋਸਤਾਨਾ ਸਬੰਧ ਸਾਂਝੇ ਕਰਦੇ ਹਨ ਜਿਹੜੇ ਕਿ ਲੋਕਤਾਂਤਰਿਕ ਪਰੰਪਰਾਵਾਂ ਦੀਆਂ ਸਮਾਨਤਾਵਾਂ ਅਤੇ ਮਜ਼ਬੂਤ ਲੋਕਾਂ-ਦਰ-ਲੋਕਾਂ ਦੇ ਸਬੰਧਾਂ 'ਤੇ ਅਧਾਰਿਤ ਹਨ, ਜਿਨ੍ਹਾਂ ਨੂੰ ਸਾਂਝੇ ਮੁੱਲਾਂ ਦੀਆਂ ਕਦਰਾਂ-ਕੀਮਤਾਂ ਦੁਆਰਾ ਬਲ ਮਿਲਦਾ ਹੈ। ਦੋਵੇਂ ਮੁਲਕ ਵਪਾਰ ਅਤੇ ਅਰਥਵਿਵਸਥਾ, ਰੱਖਿਆ ਅਤੇ ਸੁਰੱਖਿਆ, ਸਿੱਖਿਆ ਅਤੇ ਖੋਜ, ਅਤੇ ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਸਮੇਤ ਕਈ ਖੇਤਰਾਂ ਵਿੱਚ ਸਹਿਯੋਗ ਵਿੱਚ ਰੁੱਝੇ ਹੋਏ ਹਨ।

**ਨਵੀਂ ਦਿੱਲੀ**

**ਮਾਰਚ 08, 2024**